# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਬੀ.ਪੀ.ਈ.ਓਜ਼,
ਸਮੂਹ ਸਕੂਲ ਮੁਖੀ, (ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ)
ਬਠਿੰਡਾ।

ਪੱਤਰ ਨੰ:-ਸਸਅ/ 2024-25/ 2511
ਮਿਤੀ ਬਠਿੰਡਾ: 06.08.2024

ਵਿਸ਼ਾ- School Management Committee Booklets ਦੀ ਵੰਡ ਕਰਾਉਣ ਸਬੰਧੀ।

ਅੰਕਿਤ ਵਿਸ਼ਾ ਅਤੇ ਹਵਾਲਾ ਅਧੀਨ ਆਪ ਨੂੰ ਐਸ.ਐਮ.ਸੀ. ਬੁੱਕਲੈਟਸ ਭੇਜ ਦਿੱਤੀਆਂ ਗਈਆਂ ਹਨ। ਇਹਨਾਂ ਕਿਤਾਬਾਂ ਨੂੰ ਵੰਡ ਕਰਕੇ ਨਾਲ ਨੱਥੀ ਕੀਤੇ ਗੂਗਲ ਲਿੰਕ ਫਾਰਮ (https://forms.glelyp3w1lqwagi97rp9a/) ਵਿੱਚ ਲੋੜੀਂਦੇ ਵੇਰਵੇ ਭਰੇ ਜਾਣ ਸਬੰਧੀ ਹਦਾਇਤ ਕੀਤੀ ਗਈ ਸੀ। ਅੱਜ ਮਿਤੀ 06.08.2024 ਨੂੰ ਮਾਨਯੋਗ ਸਪੈਸ਼ਲ ਸੈਕਟਰੀ ਸਕੂਲ ਸਿੱਖਿਆ ਵਿਭਾਗ ਜੀ ਨਾਲ ਹੋਈ ਵੀ.ਸੀ. ਵਿੱਚ ਉਹਨਾਂ ਵੱਲੋਂ ਇਸ ਸਬੰਧੀ ਦੱਸਿਆ ਗਿਆ ਕਿ ਹਾਲੇ ਬਹੁਤ ਹੀ ਘੱਟ ਸਕੂਲਾਂ ਵੱਲੋਂ ਇਹ ਗੂਗਲ ਫਾਰਮ ਭਰਿਆ ਗਿਆ ਹੈ ਅਤੇ ਉਹਨਾਂ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਇਹ ਗੂਗਲ ਫਾਰਮ ਤੁਰੰਤ ਸਾਰੇ ਸਕੂਲਾਂ ਵੱਲੋਂ ਭਰਿਆ ਜਾਣਾ ਯਕੀਨੀ ਬਣਾਇਆ ਜਾਵੇ। ਇਸ ਲਈ ਜਿਨ੍ਹਾਂ ਸਕੂਲ ਮੁਖੀਆਂ ਵੱਲੋਂ ਇਹ ਗੂਗਲ ਫਾਰਮ ਨਹੀਂ ਭਰਿਆ ਗਿਆ ਹੈ ਉਹਨਾਂ ਵੱਲੋਂ ਇਹ ਫਾਰਮ ਤੁਰੰਤ ਭਰਨਾ ਯਕੀਨੀ ਬਣਾਇਆ ਜਾਵੇ।

**ਨੋਟ- ਗੂਗਲ ਫਾਰਮ ਵਿੱਚ ਇਹ ਦੇਖਿਆ ਗਿਆ ਹੈ ਕਿ ਕਈ ਸਕੂਲ ਮੁਖੀਆਂ ਵੱਲੋਂ ਇੱਕ ਜਾਂ ਦੋ ਬੁਕਲੈਟ ਵੰਡਣ ਸਬੰਧੀ ਹੀ ਸੂਚਨਾਂ ਭਰੀ ਗਈ ਹੈ। ਸਕੂਲ ਮੁਖੀਆਂ ਵੱਲੋਂ ਜਿੰਨੀਆਂ ਬੁਕਲੈੱਟਸ ਪ੍ਰਾਪਤ ਹੋਈਆਂ ਹਨ, ਉਨੀਆਂ ਹੀ ਗੂਗਲ ਫਾਰਮ ਵਿੱਚ ਵੰਡੀਆਂ ਗਈਆਂ ਦਰਸਾਉਣੀਆਂ ਯਕੀਨੀ ਬਣਾਈਆਂ ਜਾਣ।**

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ।

ਪਿੰਠ ਅੰਕਣ ਨੰ: ਮਿਤੀ -

ਉਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਬਠਿੰਡਾ ਨੂੰ ਉਕਤ ਪੱਤਰ ਵੈਬ ਸਾਈਟ ਤੇ ਪਾਉਣ ਸਬੰਧੀ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ।